ਡਾਂਡੋ ਦੀ ਨਜ਼ਰ ਰੋਟੀਆਂ 'ਤੇ ਉੱਕਾ ਹੀ ਨਹੀਂ ਪਈ ਸੀ, ਉਸ ਨੂੰ ਤਾਂ ਸਿਰਫ਼ ਮੀਹੇਂ ਦੇ ਤ੍ਰਭਕ ਕੇ ਉੱਠਣ ਦਾ ਹੀ ਅਹਿਸਾਸ ਹੋਇਆ ਸੀ ਅਤੇ ਉਸ ਨੇ ਫੇਰ ਮੇਰੇ ਕੰਨ ਵਿਚ ਹੌਲੀ ਦਿੱਤੀ ਕਿਹਾ, "ਵੇਖਿਆ? ਇਹ ਪੱਕਾ ਚੋਰ ਹੈ, ਤਾਂਹੀਉਂ ਤਾਂ ਮੇਰੀ ਆਵਾਜ਼ ਸੁਣ ਕੇ ਉਭੜਵਾਹਿਆਂ ਵਾਂਗ ਉਠਿਆ ਏ!" ਮੇਰਾ ਦਿਲ ਕੀਤਾ ਡਾਂਡੋ ਦੇ ਇੱਕ ਜ਼ੋਰਦਾਰ ਚਪੇੜ ਜੜ ਦੇਵਾਂ ਅਤੇ ਮੈਂ ਕਿਹਾ "ਆਹ ਵੇਖ, ਤੂੰ ਤਾਂ ਬਚਾਰੇ ਦੀ ਰੋਟੀ ਹੀ ਮਿੱਟੀ ਵਿਚ ਸੁਟਵਾ ਦਿੱਤੀ, ਹੁਣ ਇਹ ਕੀ ਖਾਊ?" "ਮੱਥਾ ਟੇਕਦਾਂ ਬੀਬਾ ਜੀ!" ਮੀਹੇਂ ਨੇ ਮੇਰੇ ਪੈਰ ਫੜਦੇ ਹੋਏ ਕਿਹਾ ਤੇ ਮੈਨੂੰ ਇੰਝ ਲੱਗਾ ਜਿਵੇਂ ਮੇਰੇ ਮੂੰਹ ਤੇ ਇਕ ਜ਼ੋਰਦਾਰ ਤਮਾਚਾ ਲੱਗਾ ਹੋਵੇ। ਮੈਨੂੰ ਆਪਣੇ ਆਪ ਤੋਂ ਨਫ਼ਰਤ ਜਿਹੀ ਹੋਈ ਕਿ ਮੇਰੇ ਵਿਚਾਰ ਕਿਤਨੇ ਘਟੀਆ ਹਨ ਇਸ ਬਾਰੇ ਅਤੇ ਇਹ ਵਿਚਾਰਾ ਮੈਨੂੰ ਮੱਥਾ ਟੇਕੀ ਜਾ ਰਿਹਾ ਏ। ਮੈਂ ਛੇਤੀ ਦੇਣੇ ਮੀਹੇਂ ਨੂੰ ਕਿਹਾ "ਮੈਨੂੰ ਮੱਥਾ ਕਿਉਂ ਟੇਕਦਾ ਏਂ, ਮੈਂ ਕੋਈ ਰੱਬ ਤਾਂ ਨਹੀਂ"। ਉਹ ਬੋਲਿਆ "ਬੀਬਾ ਜੀ, ਤੁਸੀਂ ਭਾਈ ਭਗਤੂਦੀ ਔਲਾਦ ਹੋ, ਸਾਡੇ ਲਈ ਤਾਂ ਰੱਬ ਹੀ ਹੋ!" ਮੈਨੂੰ ਆਪਣੀ ਸੋਚ ਉੱਤੇ ਬਹੁਤ ਪਛਤਾਵਾ ਹੋ ਰਿਹਾ ਸੀ ਅਤੇ ਭਾਈ ਭਗਤੂਜੀ ਦੀ ਔਲਾਦ ਕਹਾਉਂਦੇ ਬੇਹੱਦ ਸ਼ਰਮ ਆ ਰਹੀ ਸੀ। ਹੁਣ ਮੀਹੇਂ ਨੇ ਡਾਂਡੋ ਨੂੰ ਪੁੱਛਿਆ "ਕਾਕਾ ਜੀ, ਤੁਸੀਂ 'ਵਾਜ ਮਾਰੀ ਸੀ – ਕੀ ਹੁਕਮ ਏਂ?" ਡਾਂਡੋ ਕੱਚਾ ਜਿਹਾ ਹੋ ਕੇ ਬੋਲਿਆ, "ਕੁਝ ਨਹੀਂ ਮੀਹਾਂ ਸਿੰਘ, ਮੈਂ ਤਾਂ ਤੈਨੂੰ ਪੁੱਛਣ ਲੱਗਾ ਸੀ ਕਿ ਤੂੰ ਖਾਣਾ ਖਾਏਂਗਾ?" "ਨਹੀਂ ਕਾਕਾ ਜੀ, ਮੈਂ ਘਰੋਂ ਲੈ ਕੇ ਆਇਆ ਹਾਂ," ਮੀਹੇਂ ਨੇ ਉੱਤਰ ਦਿੱਤਾ। "ਪਰ ਮੀਹਾਂ ਸਿੰਘ, ਇਹ ਤਾਂ ਲੱਕੜ ਵਰਗੀਆਂ ਰੋਟੀਆਂ ਹਨ ਅਤੇ ਨਾਲੇ ਚੋਪੜੀਆਂ ਵੀ ਨਹੀਂ, ਨਾ ਹੀ ਤੇਰੇ ਕੋਲ ਕੋਈ ਦਾਲ ਸਬਜ਼ੀ ਹੈ, ਕਿਵੇਂ ਖਾਵੇਂਗਾ?" "ਨਾਲੇ ਹੁਣ ਤਾਂ ਇਨ੍ਹਾਂ ਉਤੇ ਮਿੱਟੀ ਵੀ ਲੱਗ ਗਈ," ਮੈਂ ਆਖਿਆ। "ਕੋਈ ਗੱਲ ਨਹੀਂ ਬੀਬਾ ਜੀ, ਮੈਨੂੰ ਥੋੜ੍ਹਾ ਲੂਣ ਲਿਆ ਦਿਉ। ਮੈਂ ਰੋਟੀ ਝਾੜ ਕੇ ਖਾ ਲਵਾਂਗਾ," ਮੀਹਾਂ ਬੋਲਿਆ। "ਮੀਹਾਂ ਸਿੰਘ, ਤੇਰੇ ਘਰ ਵਾਲੇ ਤੈਨੂੰ ਅਜਿਹੀ ਰੋਟੀ ਕਿਉਂ ਦਿੰਦੇ ਹਨ?" ਮੈਂ ਮੀਹੇਂ ਤੋਂ ਪੁਛਿਆ। "ਬੀਬਾ ਜੀ, ਕਿਉਂਕਿ ਹੁਣ ਮੈਥੋਂ ਕੋਈ ਕਮਾਈ ਨਹੀਂ ਹੁੰਦੀ, ਮੇਰੀਆਂ ਨੂੰਹਾਂ ਆਖਦੀਆਂ ਹਨ ਕਿ ਕੰਮ ਕਾਜ ਕੁਝ ਕਰਦਾ ਨਹੀਂ, ਇਹਨੂੰ ਕਣਕ ਦੀਆਂ ਕਾਹਦੀਆਂ! ਮੈਂ ਸੋਚਿਆ ਕਿ ਭਾਈ ਸਾਹਿਬ ਕੋਲ ਜਾ ਕੇ ਮਾੜਾ ਮੋਟਾ ਕੋਈ ਅਸਾਨ ਜਿਹਾ ਕੰਮ ਲੈ ਲਵਾਂ, ਤਾਂ ਮੇਰੀ ਰੋਟੀ ਦਾ ਜੁਗਾੜ ਹੋ ਜਾਊ। ਮੈਂ ਤੁਹਾਡੇ ਘਰ ਦਾ ਕਈ ਸਾਲਾਂ ਤੋਂ ਲੂਣ ਖਾਧਾ ਹੈ। ਹੁਣ ਕਿਥੇ ਜਾਵਾਂ?" ਮੀਹੇਂ ਨੇ ਕਿਹਾ ਅਤੇ ਰੋਟੀ ਝਾੜ ਕੇ ਖਾਣ ਲੱਗ ਪਿਆ, ਅਤੇ ਜਦ ਉਸ ਨੇ ਬੁਰਕੀ ਲੰਘਾਉਣ ਦੀ ਕੋਸ਼ਿਸ਼ ਕੀਤੀ ਤਾਂ ਮੈਨੂੰ ਲੱਗਾ ਜਿਵੇਂ ਉਹ ਉਸ ਦੇ ਗਲ ਵਿਚ ਫਸ ਗਈ ਹੋਵੇ। ਮੈਂ ਕਿਹਾ "ਮੀਹਾਂ ਸਿੰਘ, ਠਹਿਰ ਜਾ, ਇੱਕ ਵਜੇ ਲੰਗਰ ਤਿਆਰ ਹੋ ਜਾਊ, ਤੈਨੂੰ ਖਾਣਾ ਖੁਆ ਦੇਵਾਂਗੇ, ਐਵੇਂ ਕਾਹਨੂੰ ਮਿੱਟੀ ਭਰੀਆਂ ਰੋਟੀਆਂ ਖਾਈ ਜਾਨੈਂ?" "ਨਹੀਂ ਬੀਬਾ ਜੀ, ਹਾਲੇ ਤਾਂ ਗਿਆਰਾਂ ਹੀ ਵੱਜੇ ਨੇ, ਮੈਨੂੰ ਬੜੀ ਭੁੱਖ ਲੱਗੀ ਹੈ, ਮੈਂ ਇਹੋ ਖਾ ਲੈਂਦਾ ਹਾਂ," ਮੀਹੇਂ ਨੇ ਜੁਆਬ ਦਿੱਤਾ। "ਅੱਛਾ ਤਾਂ ਫੇਰ ਮੈਂ ਤੈਨੂੰ ਲੂਣ ਅਤੇ ਪਾਣੀ ਲਿਆ ਦਿੰਦੀ ਹਾਂ!" ਮੈਂ ਇਹ ਕਹਿ ਕੇ ਅੰਦਰ ਚਲੀ ਗਈ। ਜਦ ਮੈਂ ਲੂਣ ਅਤੇ ਪਾਣੀ ਲੈ ਕੇ ਆਈ ਤਾਂ ਡਾਂਡੋ ਮੀਹੇਂ ਨਾਲ ਗੱਲਾਂ ਕਰ ਰਿਹਾ ਸੀ। ਮੈਂ ਮੀਹੇਂ ਨੂੰ ਲੂਣ ਦਿੱਤਾ ਅਤੇ ਜਦ ਪਾਣੀ ਦਾ ਗਲਾਸ ਫੜਾਉਣ ਲੱਗੀ ਤਾਂ ਮੀਹਾਂ ਪਿੱਛੇ ਨੂੰ ਹਟ ਕੇ ਬੋਲਿਆ, "ਨਾ ਬੀਬਾ ਜੀ, ਮੈਂ ਗਲਾਸ ਨੂੰ ਹੱਥ ਨਹੀਂ ਲਾਉਣਾ! ਇਹ ਭਿੱਟਿਆ ਜਾਊ! ਤੁਸੀਂ ਮੈਨੂੰ ਪਾਣੀ ਓਕ (ਬੁੱਕ-ਸੰ.) ਨਾਲ ਹੀ ਪੀਣ ਦਿਉ!" ਤਾਂ ਕੀ ਹੋਇਆ, ਸੁਆਹ ਨਾਲ ਮਾਂਜ ਦੇਵੀਂ, ਸੁੱਚਾ ਹੋ ਜਾਊ।" ਮੈਂ ਮੀਹੇਂ ਨੂੰ ਕਿਹਾ। ਉਹ ਬੋਲਿਆ, "ਨਹੀਂ ਬੀਬਾ ਜੀ, ਮੈਂ ਨੀਚ ਜਾਤ ਦਾ ਬੰਦਾ ਹਾਂ, ਮੇਰੇ ਹੱਥ ਲਾਉਣ ਨਾਲ ਗਲਾਸ ਭਿੱਟਿਆ ਜਾਊ, ਤੇ ਫੇਰ ਤੁਹਾਡੇ ਕੰਮ ਦਾ ਨਹੀਂ ਰਹਿਣਾ।" "ਅੱਛਾ ਫੇਰ ਬੁੱਕ ਨਾਲ ਹੀ ਪੀ ਲੈ," ਮੈਂ ਮੀਹੇਂ ਨੂੰ ਪਾਣੀ ਪਿਲਾ ਦਿੱਤਾ ਅਤੇ ਉਸਨੇ ਕਿਵੇਂ ਨਾ ਕਿਵੇਂ ਰੋਟੀ ਵੀ ਨਿਗਲ ਹੀ ਲਈ। ਮੈਂ ਤੇ ਡਾਂਡੋ ਉਸਨੂੰ ਖੜ੍ਹੇ ਵੇਖਦੇ ਰਹੇ।

ਰੋਟੀ ਖਾ ਕੇ ਮੀਹੇਂ ਨੇ ਕਿਹਾ "ਬੀਬਾ ਜੀ, ਭਾਈ ਸਾਹਿਬ ਨੂੰ ਆਖ ਕੇ ਮੈਨੂੰ ਮਾੜਾ ਮੋਟਾ ਕੰਮ ਦਵਾ ਦਿਉ। ਮੇਰੇ ਘਰਦਿਆਂ ਨੇ ਤਾਂ ਮੈਨੂੰ ਘਰੋਂ ਕੱਢ ਹੀ ਦੇਣਾਂ। ਦੋਹੇ ਮੁੰਡੇ ਅੱਡ ਹੋ ਰਹੇ ਨੇ, ਤੇ ਬੁੜ੍ਹੀ ਪਹਿਲਾਂ ਹੀ ਚਲਾਣਾ ਕਰ ਗਈ, ਮੈਂ ਕਿੱਥੇ ਜਾਵਾਂਗਾ।" "ਠੀਕ ਹੈ ਮੀਹਾਂ ਸਿੰਘ, ਤੂੰ ਏਸੇ ਡਿਓੜ੍ਹੀ ਵਿਚ ਮੰਜੀ ਡਾਹ ਕੇ ਬੈਠਾ ਰਿਹਾ ਕਰ, ਬਥੇਰਾ ਕੰਮ ਕਰ ਲਿਆ, ਹੁਣ ਆਰਾਮ ਕਰ," ਮੈਂ ਉਸ ਨੂੰ ਕਿਹਾ। "ਤੇ ਬੀਬਾ ਜੀ, ਕੀ ਕਰਨਾ ਹੋਊ?" ਉਸ ਪੁਛਿਆ। "ਕੁਝ ਨਹੀਂ", ਮੈਂ ਉੱਤਰ ਦਿੱਤਾ। "ਲੈ, ਬੀਬਾ ਜੀ, ਹਰਾਮ ਦੀਆਂ ਥੋੜ੍ਹੋ ਖਾਣੀਆਂ ਨੇ?" ਉਸ ਕਿਹਾ। ਇਹ ਸੁਣ ਕੇ ਮੈਨੂੰ ਹੋਰ ਵੀ ਸ਼ਰਮ ਆਈ ਕਿ ਕਿੱਥੇ ਅਸੀਂ ਇਸ ਨੂੰ ਚੋਰ ਸਮਝ ਰਹੇ ਸੀ ਤੇ ਕਿੱਥੇ ਇਹ ਦਿੱਤੀ ਹੋਈ ਮੁਫ਼ਤ ਦੀ ਰੋਟੀ ਖਾਣੀ ਵੀ ਹਰਾਮ ਸਮਝਦਾ ਏ। ਫੇਰ ਮੈਂ ਮੀਹੇਂ ਨੂੰ ਕਿਹਾ, "ਚੱਲ ਨਿਗਰਾਨੀ ਦਾ ਕੰਮ ਕਰਦਾ ਰਹੀਂ, ਵੇਖਦਾ ਰਹੀਂ ਕਿ ਸੀਰੀ ਡੰਗਰ ਵੱਛੇ ਨੂੰ ਵਕਤ 'ਤੇ ਅੰਦਰ ਬਾਹਰ ਕਰਦੇ ਤੇ ਪੱਠੇ ਪਾਉਂਦੇ ਹਨ ਕਿ ਨਹੀਂ।" ਮੈਂ ਉਸਨੂੰ ਹੌਸਲਾ ਦਿੰਦਿਆਂ ਕਿਹਾ। "ਅੱਛਾ ਬੀਬਾ ਜੀ, ਭਾਈ ਸਾਹਿਬ ਕੋਲ ਮੇਰੀ ਬਿਨਤੀ ਜ਼ਰੂਰ ਕਰ ਦੇਣਾ, ਹੁਣ ਮੈਂ ਚੱਲਦਾ ਹਾਂ," ਇਹ ਆਖ ਕੇ ਉਹ ਉਠ ਖਲੋਤਾ ਤੇ ਮੈਂ ਕਿਹਾ "ਅੱਜ ਪਾਪਾਜੀ ਗਿੱਦੜਬਾਹੇ ਗਏ ਆ, ਸ਼ਾਮੀਂ ਆਉਣਗੇ, ਮੈਂ ਜ਼ਰੂਰ ਕਹਾਂਗੀ। ਬੱਸ ਤੂੰ ਨੌਕਰੀ ਪੱਕੀ ਸਮਝ, ਕੱਲ੍ਹ ਤੋਂ ਹੀ ਆ ਜਾਵੀਂ।" "-ਹੱਛਾ ਜਿਊਂਦੇ ਰਹੋ ਬੀਬਾ ਜੀ, ਰੱਬ ਤੁਹਾਨੂੰ ਭਾਗ ਲਾਵੇ," ਕਹਿ ਕੇ ਉਹ ਚਲਾ ਗਿਆ। ਮੈਂ ਪਾਪਾਜੀ ਕੋਲ ਉਸ ਦੀ ਸਿਫ਼ਾਰਿਸ਼ ਕੀਤੀ। ਉਹ ਮੇਰਾ ਕਿਹਾ ਕਦੇ ਨਹੀਂ ਸੀ ਮੋੜਦੇ ਤੇ ਉਹ ਮੰਨ ਗਏ। ਮੈਂ ਅਗਲਾ ਪੂਰਾ ਦਿਨ ਉਸਨੂੰ ਬੇਤਾਬੀ ਨਾਲ ਉਡੀਕਦੀ ਰਹੀ, ਅਤੇ ਉਡੀਕ ਉਡੀਕ ਹੀ ਰਹੀ। ਸੁਨਣ ਵਿਚ ਆਇਆ ਸੀ ਕਿ ਉਸ ਰਾਤ ਉਹ ਆਪਣੀਆਂ ਨੂੰਹਾਂ ਤੇ ਪੁੱਤਾਂ ਨਾਲ ਲੜ ਕੇ ਕਿਧਰੇ ਚਲਾ ਗਿਆ।

ਅੱਜ ਤੱਕ ਉਸ ਦਾ ਮੁਰਝਾਇਆ ਹੋਇਆ ਉਦਾਸ ਚਿਹਰਾ, ਨਿਰਾਸ਼ ਅੱਖਾਂ, ਪਾਟੇ ਹੋਏ ਕੁੜਤੇ ਵਿਚੋਂ ਕਾਲੀ ਵਲੂੰਧਰੀ ਹੋਈ ਲਹੂ ਸਿੰਮਦੀ ਝਾਕਦੀ ਚਮੜੀ, ਜ਼ਮੀਨ 'ਤੇ ਡਿੱਗੀਆਂ ਸੁੱਕੀਆਂ ਬਾਜਰੇ ਦੀਆਂ ਰੋਟੀਆਂ, ਅਤੇ ਉਸ ਉਪਰ ਲਾਇਆ ਚੋਰੀ ਦਾ ਇਲਜ਼ਾਮ, ਅਕਸਰ ਮੇਰੀਆਂ ਅੱਖਾਂ ਅੱਗੇ ਘੁੰਮਦਾ ਹੀ ਰਹਿੰਦਾ ਹੈ ਅਤੇ ਸਾਰਾ ਦ੍ਰਿਸ਼ ਮੈਨੂੰ ਆਪਣੇ ਆਪ 'ਤੇ ਲਾਹਣਤ ਪਾਉਣ ਲਈ ਮਜਬੂਰ ਕਰ ਦਿੰਦਾ ਹੈ।

[250, ਸੈਕਟਰ-9 ਸੀ, ਚੰਡੀਗੜ੍ਹ (0172-2743490, 9814017253)